19

# ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈਕੰਡਰੀ),
ਪੰਜਾਬ ਰਾਜ।

ਮੀਮੋ ਨੰ. SCPCR/2024/ 845
ਮਿਤੀ: 23/8/24

ਵਿਸ਼ਾ:- ਨਵੇਂ ਸੜਕੀ ਨਿਯਮ ਲਾਗੂ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਰਾਜ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 15.04.2011 ਰਾਹੀਂ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦਾ ਗਠਨ ਭਾਰਤ ਸਰਕਾਰ ਦੇ "ਦਾ ਕਮਿਸ਼ਨਜ਼ ਫਾਰ ਦਾ ਪ੍ਰੋਟੈਕਸ਼ਨ ਆਫ਼ ਚਾਈਲਡ ਰਾਈਟਜ਼ ਐਕਟ 2005" ਧਾਰਾ 17 ਤਹਿਤ ਵਿਧਾਨਕ ਸੰਸਥਾ ਹੈ। ਕਮਿਸ਼ਨ ਪਾਸ JJ Act 2015, Pocso Act 2012 ਅਤੇ RTE Act, 2009 ਅਧੀਨ ਨਿਗਰਾਨੀ ਕਰਨ ਦਾ ਅਧਿਕਾਰ ਹੈ। ਐਕਟ ਦੀ ਧਾਰਾ 13 ਅਧੀਨ ਕਮਿਸ਼ਨ ਪਾਸ ਬਾਲ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਇੰਨਕੁਆਰੀ ਕਰਨ ਅਤੇ ਉਹਨਾਂ ਬਾਰੇ ਸੂ-ਮੋਟੋ ਨੋਟਿਸ ਲੈਣ ਦਾ ਅਧਿਕਾਰ ਹੈ। ਕਮਿਸ਼ਨ ਪਾਸ ਇਸ ਐਕਟ ਦੀ ਧਾਰਾ 14 ਅਤੇ ਸਿਵਲ ਪ੍ਰੋਸੀਜ਼ਰ ਕੋਡ, 1908 ਦੇ ਤਹਿਤ ਕੇਸ ਦੀ ਸੁਣਵਾਈ ਲਈ ਸਿਵਲ ਕੋਰਟ ਦੀਆਂ ਸ਼ਕਤੀਆਂ ਹਨ।

1651
23/8/24

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਪਹਿਲਾਂ ਹੀ ਪਤਾ ਹੈ ਕਿ ਮਿਤੀ 01.08.2024 ਤੋਂ ਪੰਜਾਬ ਰਾਜ ਵਿੱਚ ਸੜਕਾਂ ਸਬੰਧੀ ਨਵੇਂ ਸੁਰੱਖਿਆ ਨਿਯਮ ਲਾਗੂ ਹੋ ਚੁੱਕੇ ਹਨ। ਜਿੰਨਾਂ ਅਨੁਸਾਰ 16 ਸਾਲ ਤੋਂ ਘੱਟ ਉਮਰ ਦੇ ਬੱਚੇ ਕੋਈ ਵੀ ਵਹੀਕਲ ਨਹੀਂ ਚਲਾ ਸਕਦੇ। 16 ਤੋਂ 18 ਸਾਲ ਤੱਕ ਦੇ ਬੱਚਿਆਂ ਨੂੰ ਲਾਇਸੰਸ ਬਣਾਉਣ ਤੱਕ ਸਿਰਫ਼ 50 ਸੀਸੀ ਤੋਂ ਘੱਟ ਬਿਨ੍ਹਾਂ ਗੇਅਰ ਵਾਲੀ ਸਕੂਟੀ ਹੀ ਚਲਾਉਣ ਦੀ ਇਜਾਜ਼ਤ ਹੈ, ਪਰੰਤੂ ਅੱਜ ਇਲੈਕਟ੍ਰੋਨਿਕ ਮੀਡੀਆ ਵਿੱਚ ਚੱਲ ਰਹੀ ਖਬਰ ਦੇਖਣ ਤੋਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਅਜੇ ਵੀ ਨਾਬਾਲਗ ਬੱਚਿਆਂ ਵੱਲੋਂ ਸਕੂਟਰ, ਮੋਟਰ ਸਾਇਕਲ ਆਦਿ ਦੀ ਵਰਤੋਂ ਕੀਤੀ ਜਾ ਰਹੀ ਹੈ। ਪੰਜਾਬ ਰਾਜ ਵਿੱਚ ਅੱਜ ਮਿਤੀ 23.08.2024 ਤੋਂ ਪੁਲਿਸ ਪ੍ਰਸ਼ਾਸ਼ਨ ਵੱਲੋਂ ਇਹ ਨਿਯਮ ਸਖਤੀ ਨਾਲ ਆਗੂ ਕਰਨੇ ਸੁਰੂ ਕਰ ਦਿੱਤੇ ਗਏ ਹਨ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਜਿਲ੍ਹੇ ਅਧੀਨ ਸਮੂਹ ਸਕੂਲ ਮੁੱਖੀਆਂ ਨੂੰ ਆਦੇਸ਼ ਜਾਰੀ ਕੀਤੇ ਜਾਣ ਕੇ ਉਹ ਇਹਨਾਂ ਸੜਕੀ ਨਿਯਮਾਂ ਦੀ ਪਾਲਣਾ ਕਰਨ ਲਈ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਪਿਆਂ ਨੂੰ ਜਾਣੂ ਕਰਵਾਉਣ ਤਾਂ ਜੋ ਜਿੱਥੇ ਬੱਚਿਆਂ ਵੱਲੋਂ ਡਰਾਈਵਿੰਗ ਨਾ ਕਰਨ ਨਾਲ ਕਿਸੇ ਹਾਦਸੇ ਤੋਂ ਬਚਿਆ ਜਾਵੇ ਉੱਥੇ ਨਾਲ ਹੀ ਕਾਨੂੰਨ ਲਾਗੂ ਕਰਨ ਨਾਲ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਪਿਆਂ ਨੂੰ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

(ਕੰਵਰਦੀਪ ਸਿੰਘ)
ਚੇਅਰਮੈਨ

ਵਣ ਭਵਨ ਦੂਜੀ ਮੰਜਿਲ ਟਾਵਰ-4 ਸੈਕਟਰ 68 ਐਸ.ਏ.ਐਸ. ਨਗਰ, ਮੁਹਾਲੀ ਫੋਨ ਨੰਬਰ 0172-2298097

ਈ.ਮੇਲ ਆਈ.ਡੀ scpcr.pbgov@gmail.com